# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਪੀ.ਐਸ.ਬੀ./ਆਈ.ਟੀ/16/ 2555 ਮਿਤੀ: 31-8-16

ਸੇਵਾਵਿਖੇ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ।

ਵਿਸ਼ਾ :ਈ-ਐਨ.ਟੀ.ਸੀ ਉੱਤੇ ਸੰਸਥਾਵਾਂ ਦਾ ਗਲਤ ਨਾਮ ਦਰਸਾਉਣ ਸੰਬੰਧੀ।

ਉਪਰੋਕਤ ਵਿਸ਼ੇ ਸਬੰਧੀ ਦਰਸਾਇਆ ਜਾਦਾ ਹੈ ਕਿ ਬੋਰਡ ਦਫਤਰ ਵਿਖੇ ਪੰਜਾਬ ਰਾਜ ਵਿੱਚ ਸਥਿਤ ਅਲੱਗ-ਅਲੱਗ ਉਦਯੋਗਿਕ ਸਿਖਲਾਈ ਸੰਸਥਾਵਾਂ ਤੋਂ ਪ੍ਰਤੀ ਬੇਨਤੀਆਂ ਪ੍ਰਾਪਤ ਹੋਈਆ ਸਨ, ਜਿਸ ਵਿੱਚ ਕਿ ਉਨ੍ਹਾ ਵੱਲੋ ਦਰਸਾਇਆ ਗਿਆ ਹੈ ਕਿ ਉਨ੍ਹਾਂ ਨੂੰ ਡੀ.ਜੀ.ਟੀ,ਨਵੀ ਦਿੱਲੀ ਵੱਲੋਂ ਜੋ ਈ-ਐਨ.ਟੀ.ਸੀ ਜਾਰੀ ਕੀਤੇ ਗਏ ਹਨ, ਉਨ੍ਹਾਂ ਵਿੱਚ ਸੰਸਥਾਵਾਂ ਦਾ ਨਾਂਮ ਗਲਤ ਦਰਸਾਇਆ ਗਿਆ ਹੈ, ਜਿਵੇਂ ਕਿ ਉਦਾਹਰਨ ਵਜੋ ਸਰਕਾਰੀ ਉਦਯੋਗਿਕ ਸਿਖਲਾਈ, ਨਾਭਾ ਅਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਰਾਜਪੁਰਾ ਦੇ ਈ-ਐਨ.ਟੀ.ਸੀ ਉਤੇ ਸਰਕਾਰੀ ਉਦਯੋਗਿਕ ਸਿਖਲਾਈ,ਪਟਿਆਲਾ ਅਤੇ ਇਸ ਤੋਂ ਇਲਾਵਾ ਸਰਕਾਰੀ ਉਦਯੋਗਿਕ ਸਿਖਲਾਈ, ਬਸੀ ਪਠਾਣਾ ਦੇ ਈ-ਐਨ.ਟੀ.ਸੀ ਉਤੇ ਸਰਕਾਰੀ ਉਦਯੋਗਿਕ ਸਿਖਲਾਈ, ਫਤਿਹਗੜ੍ਹ ਸਾਹਿਬ ਦਰਸਾਇਆ ਗਿਆ ਹੈ। ਇਸ ਸਬੰਧ ਵਿੱਚ ਬੋਰਡ ਦਫਤਰ ਵੱਲੋਂ ਪੱਤਰਨੰ: ਪੀਐਸਬੀਟੀ/ਆਈਟੀ/16/2527 ਮਿਤੀ 29/8/2016 (ਫੋਟੋ ਕਾਪੀਨੱਥੀ ਹੈ) ਅਤੇ ਈ-ਮੇਲ ਰਾਹੀ ਡੀਜੀਟੀ, ਨਵੀ ਦਿੱਲੀ ਨੂੰ ਸੂਚਿਤ ਕੀਤਾ ਗਿਆ ਸੀ ਅਤੇ ਲੋੜੀਦੀ ਸੋਧ ਕਰਨ ਹਿੱਤ ਬੇਨਤੀ ਕੀਤੀ ਗਈ ਸੀ। ਇਸ ਸਬੰਧ ਵਿੱਚ ਡੀ.ਜੀ.ਟੀ, ਨਵੀ ਦਿੱਲੀ ਵੱਲੋਂ ਮਿਤੀ 29/8/2016 ਨੂੰ ਪ੍ਰਾਪਤ ਹੋਈ ਈ-ਮੇਲ ਵਿੱਚ ਹੇਠ ਅਨੁਸਾਰ ਦਰਸਾਇਆ ਗਿਆ ਹੈ :-

The information printed is due to wrong information feed during database entry for registration /affiliation of ITI. In this regard, it is advised that pls run a special drive and check out details of all ITI and get it corrected in NCVT MIS PORTAL.

For affiliation /ITI name related problem please contact.

Director (Training) Mrs. Sandhya Salwan sandhya.salwan@nic.in,

And Shri Shammi Jha shammi.jha@nic.in

ਉਪਰੋਕਤ ਅਨੁਸਾਰ ਡੀ.ਜੀ.ਟੀ,ਨਵੀ ਦਿੱਲੀ ਤੋ ਪ੍ਰਾਪਤ ਹੋਈ ਈ-ਮੇਲ ਤੋਂ ਸਪੱਸ਼ਟ ਹੈ ਕਿ ਇਹ ਕਾਰਵਾਈ ਡੀਟੀਈ ਐਡ ਆਈਟੀ,ਪੰਜਾਬ ਦੇ ਪੱਧਰ ਤੇ ਕੀਤੀ ਜਾਣੀ ਹੈ ਕਿਉ ਜੋ ਐਫੀਲੀਏਸ਼ਨ ਦਾ ਕੰਮ ਆਪ ਜੀ ਦੇ ਦਫਤਰ ਵੱਲੋ ਦੇਖਿਆ ਜਾਦਾ ਹੈ।

ਉਪਰੋਕਤ ਦੇ ਸਨਮੁੱਖ ਆਪ ਜੀ ਨੂੰ ਪੰਜਾਬ ਰਾਜ ਵਿੱਚ ਸਥਿਤ ਅਲੱਗ ਅਲੱਗ ... ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਤੋ ਪ੍ਰਾਪਤ ਹੋਈਆ ਪ੍ਰਤੀ ਬੇਨਤੀਆਂ ਮੂਲ ਰੂਪ ਵਿੱਚ ਪੱਤਰ ਨਾਂਲ ਨੱਥੀ ਕਰਕੇ

ਭੇਜਦੇ ਹੋਏ ਬੇਨਤੀ ਕੀਤੀ ਜਾਦੀ ਹੈ ਕਿ ਡੀਜੀਟੀ, ਨਵੀ ਦਿੱਲੀ ਤੋ ਉਕਤ ਅਨੁਸਾਰ ਪ੍ਰਾਪਤ ਹੋਈਆਂ ਹਦਾਇਤਾ ਦੇ ਸਨਮੁੱਖ ਸਬੰਧਤ ਸੰਸਥਾਵਾਂ ਅਤੇ ਪੰਜਾਬ ਦੀਆਂ ਹੋਰ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਨਾਮ ਵੀ ਐਮ.ਆਈ.ਐਸ ਐਨ.ਸੀ.ਵੀ.ਟੀ ਪੋਰਟਲ ਉਤੇ ਸੋਧ ਕਰਵਾਉਣ ਲਈ ਡੀਜੀਟੀ, ਨਵੀ ਦਿੱਲੀ ਨਾਲ ਤਾਲਮੇਲ ਕਰਕੇ ਪਹਿਲ ਦੇ ਆਧਾਰ ਤੇ ਯੋਗ ਕਾਰਵਾਈ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)
PSBTE&IT

ਨੱਥੀ : ਉਪਰੋਕਤ ਅਨੁਸਾਰ।

ਪਿੱਠਅੰਕਣਨੰ: ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਹਿੱਤ ਭੇਜਿਆ ਜਾਦਾ ਹੈ ।

1. ਸਮੂਹ ਪੰਜਾਬ ਰਾਜ ਅਧੀਨ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ/(ਇ.:)
2. ਪੀ.ਏ/ਸਕੱਤਰ
3. ਐਡਮਿਨ ਅਫਸਰ
4. ਸਿਸਟਮ ਐਡਮਿਨਸਟ੍ਰੇਟਰ

ਕੰਟਰੋਲਰਪ੍ਰੀਖਿਆਵਾਂ(ਆਈ.ਟੀ.ਆਈ)